# ਸੰਤ ਰਾਮ ਉਦਾਸੀ ਕਾਵਿ: ਸਮਾਜਿਕ ਸਰੋਕਾਰ

**ਡਾ. ਰਮਨਦੀਪ ਕੌਰ**
ਸਹਾਇਕ ਪ੍ਰੋਫੈਸਰ, ਖਾਲਸਾ ਕਾਲਜ, ਚਵਿੰਡਾ ਦੇਵੀ, ਅੰਮ੍ਰਿਤਸਰ

ਕਿਰਤੀ ਲੋਕਾਂ ਦਾ ਬੁਲਾਰਾ, ਲੋਕ ਸੰਘਰਸ਼ ਦਾ ਸੂਰਮਾ ਸੰਤ ਰਾਮ ਉਦਾਸੀ 20 ਅਪ੍ਰੈਲ 1939 ਈ: ਵਿਚ ਰਾਇਸਰ, ਜ਼ਿਲ੍ਹਾ ਸੰਗਰੂਰ (ਬਰਨਾਲਾ) ਵਿਚ ਪੈਦਾ ਹੋਇਆ। ਉਸਨੇ ਮਜ਼ਦੂਰ ਪਰਿਵਾਰ ਵਿਚ ਪੈਦਾ ਹੋ ਕੇ, ਅੰਤਾਂ ਦੀ ਗ਼ਰੀਬੀ ਹੰਢਾਉਂਦੇ ਹੋਏ, ਗ਼ਰੀਬ ਜਨਤਾ ਦੇ ਦੁੱਖ ਦਰਦ ਤੋਂ ਭਾਵੁਕ ਹੋ ਕੇ ਅਜਿਹੇ ਸਾਹਿਤ ਦੀ ਸਿਰਜਣਾ ਕੀਤੀ, ਜੋ ਕਿਰਤੀਆਂ ਦਾ ਮਾਰਗ ਦਰਸ਼ਨ ਕਰਦੀ ਹੈ। ਸਰਮਾਏਦਾਰੀ ਅਤੇ ਜਗੀਰਦਾਰੀ ਯੁੱਗ ਵਿਚ ਕਿਰਤੀਆਂ ਦੀ ਲੁੱਟ ਖਸੁੱਟ ਨੂੰ ਨਾ ਸਹਿਣ ਕਰਨ ਵਾਲਾ ਸੰਤ ਰਾਮ ਉਦਾਸੀ ਮਜ਼ਦੂਰ ਸ਼੍ਰੇਣੀ ਦੀ ਮੁਕਤੀ ਲਈ ਯਤਨਸ਼ੀਲ ਰਿਹਾ। ਉਸ ਦੇ ਕਾਵਿ-ਸੰਗ੍ਰਹਿ 'ਲਹੂ ਭਿੱਜੇ ਬੋਲ', 'ਸੈਨਤਾਂ' ਅਤੇ 'ਚੌਨੁਕਰੀਆਂ ਸੀਖਾਂ' 'ਕੰਮੀਆਂ ਦਾ ਵਿਹੜਾ' ਵਿਚ ਮਜ਼ਦੂਰ ਧਿਰ 'ਤੇ ਹੋ ਰਹੇ ਜ਼ੁਲਮ ਦੇ ਵਿਸ਼ੇ ਨੂੰ ਛੂਹਿਆ ਗਿਆ ਹੈ। ਸੰਤ ਰਾਮ ਉਦਾਸੀ 6 ਨਵੰਬਰ 1986 ਨੂੰ 47 ਸਾਲ ਦੀ ਛੋਟੀ ਉਮਰ ਵਿਚ ਹੀ ਵਿਛੋੜਾ ਦੇ ਗਏ।'ਕੰਮੀਆਂ ਦਾ ਵਿਹੜਾ' ਕਾਵਿ-ਸੰਗ੍ਰਹਿ ਵਿਚ ਸੰਤ ਰਾਮ ਉਦਾਸੀ ਦੀ ਸ਼ਖ਼ਸੀਅਤ ਨਾਲ ਸੰਬੰਧਿਤ ਕੁਝ ਤੁਕਾਂ ਮੇਲ ਖਾਂਦੀਆਂ ਹਨ।

ਕਾਲਖ਼ ਦੇ ਵਣਜਾਰਿਓ, ਚਾਨਣ ਕਦੇ ਹਰਿਆ ਨਹੀਂ,
ਓ ਕਿਰਨਾਂ ਦੇ ਕਾਤਲੋ, ਸੂਰਜ ਕਦੇ ਮਰਿਆ ਨਹੀਂ।[1]

ਦਰਸ਼ਨ ਸਿੰਘ ਮੱਕੜ ਨੇ 'ਮਘਦਾ ਰਹੁ ਵੇ ਸੂਰਜਾ ਕੰਮੀਆਂ ਦੇ ਵੇਹੜੇ' ਲੇਖ ਵਿਚ ਸੰਤ ਰਾਮ ਉਦਾਸੀ ਦੀਆਂ ਲਿਖਤਾਂ 'ਤੇ ਆਪਣੇ ਵਿਚਾਰ ਪੇਸ਼ ਕੀਤੇ ਹਨ:-

> "ਸ਼ਿਵ ਕੁਮਾਰ ਤੋਂ ਪਿੱਛੋਂ ਸੰਤ ਰਾਮ ਉਦਾਸੀ ਹੀ ਸ਼ਾਇਦ ਪੰਜਾਬੀ ਦਾ ਇਕੋ ਇਕ ਕਵੀ ਸੀ, ਜਿਹੜਾ ਪਿਛਲੇਰੇ ਵਰ੍ਹਿਆ ਵਿਚ ਬਹੁਤ ਹੀ ਮਕਬੂਲ ਹੋਇਆ। ਫ਼ਰਕ ਸਿਰਫ਼ ਏਨਾ ਹੈ ਕਿ ਜਿੱਥੇ ਸ਼ਿਵ ਕੁਮਾਰ ਨੇ ਬਹੁਤੇ ਗੀਤ ਬਿਰਹੋਂ, ਪੀੜਾ, ਪਿਆਰ ਦੇ ਲਿਖੇ ਉਥੇ ਉਦਾਸੀ ਨੇ ਪਿਆਰ ਮੁਹੱਬਤ ਦੀ ਇਕ ਟੂਕ ਵੀ ਨਹੀਂ ਲਿਖੀ। ਉਸਦੇ ਗੀਤਾਂ/ਨਜ਼ਮਾਂ ਵਿਚ ਹਮੇਸ਼ਾ ਸਰਮਾਏਦਾਰੀ ਅਤੇ ਜਗੀਰਦਾਰੀ ਨਿਜ਼ਾਮ ਵਿਰੁੱਧ ਬਗ਼ਾਵਤ ਦਾ ਸੁਨੇਹਾ ਹੁੰਦਾ ਸੀ।"[2]

ਸੰਤ ਰਾਮ ਉਦਾਸੀ ਆਪਣੀਆਂ ਕਵਿਤਾਵਾਂ 'ਚ ਮਜ਼ਦੂਰ ਕਿਸਾਨੀ ਜੀਵਨ ਵਿਚ ਮਰਦ ਅਤੇ ਔਰਤ ਨੇ ਜੋ ਦੁੱਖ ਹੰਢਾਏ ਉਸਦਾ ਵੇਰਵਾ ਬਾਰੇ ਸਪਸ਼ਟ ਰੂਪ ਵਿਚ ਮਿਲਦਾ ਹੈ, ਉਹ ਸੁਹਜਵਾਦੀ ਤੇ ਰੁਮਾਂਟਿਕਤਾ ਨੂੰ ਰੱਦ ਕਰਦਾ ਹੈ, ਜਿਸ ਦਾ ਜੀਵਨ ਦੇ ਸੱਚ ਜਾਂ ਯਥਾਰਥ ਨਾਲ ਕੋਈ ਸਰੋਕਾਰ ਨਹੀਂ। ਖੇਤਾਂ ਦਾ ਪੁੱਤਰ ਹੋ ਕੇ ਇਸੇ ਖੇਤਰ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਪੇਸ਼ ਕਰਨ ਵਿਚ ਵਿਸ਼ਵਾਸ ਰੱਖਦਾ ਹੈ। ਕਵੀ ਆਪਣੀਆਂ ਕਿਸਾਨੀ ਜੀਵਨ ਦੀਆਂ ਮੁਸ਼ਕਿਲਾਂ ਤੇ ਗ਼ਰੀਬੀ ਨਾਲ ਜੂਝਣ ਕਾਰਨ ਅਜਿਹੇ ਸਾਹਿਤ ਦੀ ਰਚਨਾ ਕਰਦਾ ਹੈ, ਉਸਦੀ ਰਚਨਾ ਤੋਂ ਪਤਾ ਲੱਗਦਾ ਹੈ ਕਿ ਉਹ ਪਿੰਡਾਂ ਦੇ ਕਿਸਾਨੀ ਜੀਵਨ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਆਪਣੀ ਰਚਨਾਵਾਂ ਰਾਹੀਂ ਇਹ ਸਪੱਸ਼ਟ ਕਰਦਾ ਹੈ ਕਿ ਉਹ ਸੁਹਜਵਾਦ ਨਾਲ ਜੁੜਕੇ ਸੁਪਨਿਆਂ ਦੀ ਦੁਨੀਆਂ ਦੀਆਂ ਗੱਲਾਂ ਨਹੀਂ ਕਰ ਸਕਦਾ, ਸਗੋਂ ਧਰਤੀ ਉੱਪਰ ਪਸਰੀ ਹੋਈ ਕਿਸੇ ਮੁਜ਼ਾਰੇ ਦੇ ਮਿਹਨਤ ਮਾਰੇ ਅਤੇ ਢਿੱਡੋਂ ਭੁੱਖੇ ਸਰੀਰ ਦੀ ਗੱਲ ਕਰਦਾ ਹੈ। ਉਹ ਖੇਤਾਂ ਵਿਚ ਨੰਗੇ ਪਿੰਡੇ ਕੰਮ ਕਰਦੇ ਕਿਸਾਨ ਦੇ ਧੁੱਪ ਨਾਲ ਲੂਸੇ ਹੋਏ ਮੌਰਾਂ ਅਤੇ ਔਰਤਾਂ ਦੇ ਨੰਗੇ ਪੈਰੀਂ ਕੰਮਾਂ ਵਿਚ ਰੁੱਝੀਆਂ ਰਹਿਣ ਕਾਰਨ ਪੈਰਾਂ ਦੀਆਂ ਪਾਟੀਆਂ ਬਿਆਈਆਂ ਦੀ ਤਕਲੀਫ਼ ਨੂੰ ਪੇਸ਼ ਕਰਦਾ ਹੈ। ਅਜਿਹੀ ਸਥਿਤੀ ਵਿਚ ਉਹ ਮਨੁੱਖ ਨੂੰ ਮੁਰਦਾ ਸ਼ਾਂਤੀ ਧਾਰਨ ਕਰਨ, ਭ੍ਰਿਸ਼ਟ ਸਮਾਜ ਵਿਚ ਦੱਬ ਜਾਣ, ਸੁਪਨਿਆਂ ਦੇ ਮਰਨ, ਅਣਖਹੀਣ ਅਤੇ ਘੋਰ ਨਿਰਾਸ਼ਾ ਭਰਿਆ ਜੀਵਨ ਗੁਜ਼ਾਰਨ ਤੋਂ ਉੱਪਰ ਉਠਣ ਦਾ ਰਾਹ ਦਿਖਾਉਂਦਾ ਹੈ।

ਮੇਰੀ ਕਿਰਤ ਨੂੰ ਲੁੱਟਣ ਵਾਲੜਿਓ,

ਕਿਉਂ ਪੀਵੋ ਰਤ ਬਹਾਰਾਂ ਦੀ।

ਇਹ ਧਰਤੀ ਹੈ ਮਜ਼ਦੂਰਾਂ ਦੀ,

ਇਹ ਨਹੀਂ ਸਰਮਾਏਦਾਰਾਂ ਦੀ।[3]

--------------------------------

ਹਾੜੀਆਂ ਦੇ ਹਾਣੀਓਂ ਵੇ ਸੌਣੀਆਂ ਦੇ ਸਾਥੀਓ ਵੇ,

ਕਰ ਲਵੋ ਦਾਤੀਆਂ ਤਿਆਰ।[4]

ਕਵੀ ਕਹਿੰਦਾ ਹੈ ਕਿ ਧਰਤੀ ਉਪਰ ਮਜ਼ਦੂਰ-ਕਿਸਾਨਾਂ ਦੇ ਇਨਕਲਾਬ ਦਾ ਜਦੋਂ ਕੌਤਕ ਵਰਤੇਗਾ ਤਾਂ ਉਸ ਅਗੇ ਸਰਮਾਏਦਾਰ-ਜਗੀਰਦਾਰ ਦਾ ਜਾਦੂ ਲੰਮੇ ਸਮੇਂ ਤੱਕ ਟਿਕ ਨਹੀਂ ਸਕੇਗਾ ਤੇ ਉਹ ਹਾਰ ਜਾਣਗੇ। ਜਦੋਂ ਸੰਗਠਿਤ ਮਜ਼ਦੂਰ ਕਿਸਾਨ ਜਮਾਤ ਵਿੱਚ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜਾਗਰੂਕਤਾ ਪੈਦਾ ਹੋ ਗਈ ਤਾਂ ਸ਼ੋਸ਼ਣ

ਕਰਨ ਵਾਲੀ ਧਿਰ ਦਾ ਖ਼ਾਤਮਾ ਹੋ ਜਾਵੇਗਾ, ਇਨਕਲਾਬ ਦੇ ਆਉਣ ਨਾਲ ਮਜ਼ਦੂਰ-ਕਿਸਾਨ ਖੇਤਾਂ ਦੇ ਮਾਲਕ ਬਣ ਜਾਣਗੇ, ਜਿਹੜੇ ਜ਼ਮੀਨਾਂ ਨੂੰ ਵਾਹੁੰਦੇ ਅਤੇ ਬੀਜਦੇ ਹਨ। ਜ਼ਮੀਨਾਂ ਦੇ ਦੁਸ਼ਮਣ, ਕਿਸਾਨਾਂ ਦਾ ਸ਼ੋਸ਼ਣ ਕਰਨ ਵਾਲੇ ਜਗੀਰਦਾਰ ਬੁਰੀ ਤਰ੍ਹਾਂ ਪਛਾੜੇ ਜਾਣਗੇ। ਸਰਮਾਏਦਾਰ-ਜਗੀਰਦਾਰ ਦਾ ਅੰਤ ਹੋ ਜਾਵੇਗਾ ਤੇ ਮਜ਼ਦੂਰ ਕਿਸਾਨ ਦੀ ਪ੍ਰਧਾਨਤਾ ਕਾਇਮ ਹੋ ਜਾਵੇਗੀ, ਕਿਸਾਨ ਦਾ ਸਰੀਰ ਬਰੂਦ ਵਾਂਗ ਚਮਕ ਉਠੇਗਾ, ਜਿਸ ਨਾਲ ਸਾਰੀ ਦੁਨੀਆਂ ਖ਼ੁਸ਼ਹਾਲੀ ਦੇ ਚਾਨਣ ਨਾਲ ਭਰ ਜਾਵੇਗੀ ਤੇ ਬਦਹਾਲੀ ਵਾਲਾ ਹਨ੍ਹੇਰਾ ਪਰ ਲਗਾ ਕੇ ਉੱਡ ਜਾਵੇਗਾ।

ਗੱਜਣਗੇ ਸ਼ੇਰ ਜਦੋਂ ਭੱਜਣਗੇ ਕਾਇਰ ਸਭੇ

ਰੱਜਣਗੇ ਕਿਰਤੀ ਕਿਸਾਨ ਮੁੜ ਕੇ।

ਜ਼ਰਾ ਹੱਲਾ ਮਾਰੋ, ਕਿਰਤੀ ਕਿਸਾਨ ਜੁੜ ਕੇ।

ਵਿਹਲੜਾਂ ਨੇ ਮਾਣਿਆਂ ਸਵਾਦ ਹੈ ਆਜ਼ਾਦੀਆਂ ਦਾ

ਕਾਮਿਆਂ ਦੀ ਜਾਨ ਲੀਰੋ ਲੀਰ ਹੋਈ ਏ।[5]

ਸੰਤ ਰਾਮ ਉਦਾਸੀ ਦੇ ਵਿਚਾਰ ਹਨ ਕਿ ਸਰਮਾਏਦਾਰੀ ਦੌਰ ਵਿਚ ਔਰਤ ਦੀ ਸੂਰਤ ਨੂੰ ਤਰਜੀਹ ਦਿੱਤੀ ਗਈ ਹੈ, ਤੇ ਸੀਰਤ ਨੂੰ ਅਣਗੌਲਿਆ ਗਿਆ ਹੈ। ਪੂੰਜੀਵਾਦੀ ਸਮਾਜ ਵਿਚ ਹਰ ਕੋਈ ਲਾਲਚ ਦੇ ਵੱਸ ਪਿਆ ਹੋਇਆ ਹੈ। ਇਸ ਲਾਲਚ ਦੀ ਚੱਕੀ ਵਿਚ ਧੀਆਂ ਦੇ ਬਾਬਲ ਪਿਸਦੇ ਹਨ, ਜੋ ਕਰਜ਼ਾ ਚੁੱਕ ਕੇ ਧੀ ਦਾ ਵਿਆਹ ਕਰਦੇ ਹਨ ਤੇ ਦਹੇਜ ਦੇ ਰੂਪ ਵਿਚ ਮਹਿੰਗੀਆਂ ਸੁਗਾਤਾਂ ਦੇਂਦੇ ਹਨ। ਪੁਰਾਣਿਆਂ ਸਮਿਆਂ ’ਚ ਤੋਹਫ਼ੇ ਦੇ ਰੂਪ ਵਿਚ ਕੁਝ ਜ਼ਰੂਰਤ ਦੀਆਂ ਸੁਗਾਤਾਂ ਆਪਣੀ ਧੀ ਨੂੰ ਵਿਆਹ ਸਮੇਂ ਦਿੰਦੇ ਸਨ ਪਰ ਫਿਰ ਇਹ ਤੋਹਫ਼ੇ ਦਹੇਜ ਦਾ ਰੂਪ ਧਾਰਨ ਕਰ ਗਏ। ਕਵੀ ਨੇ ਔਰਤ ਦੇ ਸ਼ੋਸ਼ਣ ਦੀ ਦਾਸਤਾਨ ਪੇਸ਼ ਕੀਤੀ ਹੈ, ਜਿਸ ’ਚ ਧੀਆਂ ਨੂੰ ਦਹੇਜ ਦੀ ਬਲੀ ਚਾੜ੍ਹਿਆ ਜਾਂਦਾ ਹੈ। ਇਸ ਤਰ੍ਹਾਂ ਰਚਨਾਵਾਂ ਦੇ ਅਧਿਐਨ ਦੁਆਰਾ ਇਹ ਪੁਸ਼ਟੀ ਕੀਤੀ ਗਈ ਹੈ ਕਿ ਕਵੀ ਨੇ ਔਰਤ ਦੇ ਮਸਲਿਆਂ ਦੀ ਬਾਤ ਤਾਂ ਪਾਈ ਹੈ ਪਰ ਮੁਕਤੀ ਦਾ ਕੋਈ ਰਾਹ ਨਹੀਂ ਸੁਝਾਇਆ। ਬੁਰਜੂਆ ਸਮਾਜ ਵਿਚ ਪ੍ਰੋਲੋਤਾਰੀ ਦੀ ਤਰਸਯੋਗ ਸਥਿਤੀ ਨੂੰ ਪ੍ਰਗਟਾਇਆ ਗਿਆ ਹੈ। ਬੁਰਜੂਆ ਧਿਰ ਨੇ ਔਰਤਾਂ ਤੇ ਬੱਚਿਆਂ ਦੀ ਹਾਲਤ ਗੰਭੀਰ ਬਣਾ ਦਿੱਤੀ ਹੈ। ਔਰਤਾਂ ਆਜ਼ਾਦੀ ਵਾਲੀ ਜ਼ਿੰਦਗੀ ਮਾਣ ਨਹੀਂ ਸਕਦੀਆਂ ਕਿਉਂਕਿ ਸਮੰਤਸ਼ਾਹੀ ਸਮਾਜ ਵਿਚ ਪੁਰਖ ਦੀ ਸਥਿਤੀ ਪ੍ਰਭੁਤਾ ਵਾਲੀ ਸੀ ਤੇ ਔਰਤ ਨੂੰ ਵਸਤੂ ਸਮਾਨ ਸਮਝਿਆ ਜਾਂਦਾ ਸੀ। ਔਰਤਾਂ ਨੂੰ ਕੰਮ ਦੇ ਬਦਲੇ ਘੱਟ ਮਜ਼ਦੂਰੀ ਦਿੱਤੀ ਜਾਂਦੀ ਸੀ ਅਤੇ ਵੱਧ ਕੰਮ ਲਿਆ ਜਾਂਦਾ ਸੀ, ਜੋ ਬੁਰਜੂਆਜ਼ੀ ਕੀਮਤਾਂ ਸਾਹਮਣੇ ਔਰਤ ਦੀ ਨਿਮਨ ਦਸ਼ਾ ਨੂੰ ਪ੍ਰਗਟਾਉਂਦੀ ਹੈ। ਬੁਰਜੂਆ ਵਰਗ ਨੇ ਔਰਤਾਂ ਦੀ

ਸੁੰਦਰਤਾ ਨੂੰ ਮਿੱਟੀ ਵਿਚ ਮਿਲਾ ਦਿੱਤਾ। ਜਿਸ ਕਾਰਨ ਔਰਤਾਂ ਨੂੰ ਘਰੋਂ ਬਾਹਰ ਪੈਰ ਚੁੱਕਣ ’ਤੇ ਰੋਕ ਲਗਾ ਦਿੱਤੀ ਗਈ। ਔਰਤਾਂ ਘਰ ਦੀ ਚਾਰ ਦੀਵਾਰੀ ਵਿਚ ਦਮ ਘੋਟੂ ਜੀਵਨ ਬਤੀਤ ਕਰਦੀਆਂ ਹਨ, ਜੇ ਉਹ ਬਾਹਰ ਨਿਕਲਦੀਆਂ ਹਨ ਤਾਂ ਬਲਾਤਕਾਰ ਜਿਹੇ ਅਮਾਨਵੀਂ ਵਰਤਾਰੇ ਉਨ੍ਹਾਂ ਦੇ ਸਨਮਾਨ ਨੂੰ ਸੱਟ ਮਾਰਦੇ ਹਨ ਅਤੇ ਇਸ ਤਰ੍ਹਾਂ ਔਰਤ ਦਾ ਦਮਨ ਕੀਤਾ ਜਾਂਦਾ ਹੈ।

ਕੰਮੀਆਂ ਦੀ ‘ਜੀਤੋ’ ਦੇ ਨਾਂ ਲੱਗੀਆਂ ਨੇ ਤੀਆਂ,

ਜੀਹਦਾ ਰਸ ਪੀ ਗੇ ਸੰਘਣੇ ਕਮਾਦ।

ਕਰੇਂ ਛੇੜਖਾਨੀਆਂ ਤੂੰ ਰੂਪ ਨਾਲ, ਤੇਰੇ ਉਤੇ

ਦੰਦ ਪੀਹੇ ਤੀਆਂ ਵਾਲਾ ਬੋਹੜ।[6]

ਗ਼ਰੀਬ ਔਰਤ ਦੋਹਰੇ ਪ੍ਰਬੰਧ ਵਿਚ ਨਪੀੜੀ ਜਾ ਰਹੀ ਹੈ ਇੱਕ ਪਿਤਰਕੀ ਸੱਤਾ ਹੈ ਤੇ ਦੂਜਾ ਬੁਰਜੂਆ ਧੌਂਸ ਹੈ। ਜ਼ਾਲਮਾਂ ਦੇ ਜ਼ੁਲਮਾਂ ਦੀ ਅਖ਼ੀਰ ਹੋ ਗਈ ਹੈ। ਉਹ ਔਰਤਾਂ ਅਤੇ ਮਰਦਾਂ ਤੋਂ ਬਰਾਬਰ ਕੰਮ ਲੈਂਦੇ ਹਨ। ਕਵੀ ਅਨੁਸਾਰ ਔਰਤ ਦਾ ਸੋਹਲ ਸਰੀਰ ਉਸਨੂੰ ਇਹ ਸਭ ਕੁਝ ਕਰਨ ਦੀ ਇਜ਼ਾਜਤ ਨਹੀਂ ਦਿੰਦਾ ਕਿਉਂਕਿ ਔਰਤਾਂ ਹਾਰ ਸ਼ਿੰਗਾਰ ਵਿਚ ਹੀ ਸ਼ੋਭਦੀਆਂ ਹਨ। ਇਹ ਸਖ਼ਤ ਮਜ਼ਦੂਰੀ ਉਹਨਾਂ ਦੇ ਹਾਰ ਸ਼ਿੰਗਾਰ ਨੂੰ ਚਕਣਾ ਚੂਰ ਕਰ ਦਿੰਦੀ ਹੈ। ਉਸਦੇ ਚਾਅ ਦਿਲ ਵਿਚ ਹੀ ਦੱਬੇ ਰਹਿ ਜਾਂਦੇ ਹਨ। ਮਜ਼ਦੂਰ ਜਮਾਤ ਦੀਆਂ ਧੀਆਂ ਅਤੇ ਬੇਟੀਆਂ ਦਾ ਚਾਅ ਪੇਟ ਦੇ ਮਸਲੇ ਹੱਲ ਕਰਨ ਵਿਚ ਹੀ ਖੁਰ ਜਾਂਦਾ ਹੈ। ਜ਼ਿੰਦਗੀ ਦੇ ਸੁਹਜ ਵਾਲਾ ਪਾਸਾ ਉਹਨਾਂ ਦਾ ਸੁਪਨਾ ਬਣ ਕੇ ਰਹਿ ਜਾਂਦਾ ਹੈ ਇਹ ਸਿਸਟਮ ਦਾ ਅਨਿਆਂ ਹੈ।

ਚਾਵਾਂ ਨਾਲ ਚੜ੍ਹਾਈਆਂ ਲੈ ਕੇ, ਦਿਲ ਵਿਚ ਕਈ ਉਮੰਗਾਂ।

ਨਾ ਛਣਕਾਈਆਂ, ਨਾ ਚਾਅ ਲੱਥੇ, ਨਾ ਹੀ ਲੱਥੀਆਂ ਸੰਗਾਂ।

ਸਿਖਰ ਦੁਪਹਿਰੇ ਸੜਕ ਕਿਨਾਰੇ ਤਿੜ-ਤਿੜ ਕਰਕੇ ਟੁੱਟੀਆਂ,

ਰੋੜੀ ਕੁੱਟਦੀ ਹੋਈ ਕਿਸੇ ਮਜ਼ਦੂਰ ਕੁੜੀ ਦੀਆਂ ਵੰਗਾਂ।[7]

-----------------------------------

ਜਿਸ ਰੋੜੀ ਨੇ ਸੜਕ ਕਿਨਾਰੇ ਵੰਗ ਮੇਰੀ ਹੈ ਤੋੜੀ,

ਉਸ ਰੋੜੀ ’ਚੋਂ ਅੱਜ ਹਥੌੜੇ, ਕੱਢਣੀਆਂ ਮਨ ਆਈਆਂ।[8]

ਕਵੀ ਨੇ ਔਰਤ ਨੂੰ ਆਰਥਕ ਮਸਲਿਆਂ ਨਾਲ ਨਿੱਜਿਠਣ ਲਈ ਇੱਟਾਂ ਕੁੱਟਦੀ ਦਰਸਾਇਆ ਹੈ, ਅਜਿਹੀ ਸਖ਼ਤ ਮਜ਼ਦੂਰੀ ਉਸਦੇ ਚਾਅਵਾਂ ਨੂੰ ਮਧੋਲ ਕੇ ਰੱਖ ਦਿੰਦੀ ਹੈ।

ਕਾਰਖਾਨਿਆਂ, ਸੜਕਾਂ, ਉਦਯੋਗਾਂ ਵਿਚ ਮਜ਼ਦੂਰਾਂ ਦੀਆਂ ਮਾਂਵਾਂ, ਪਤਨੀਆਂ ਅਤੇ ਭੈਣਾਂ ਤੋਂ ਕੰਮ ਲਿਆ ਜਾਂਦਾ ਹੈ। ਮਜ਼ਦੂਰ ਸ਼੍ਰੇਣੀ ਦੀਆਂ ਔਰਤਾਂ ਕੰਮ ਵਿਚ ਹੀ ਆਪਣੀ ਜਾਨ ਕੁਰਬਾਨ ਕਰ ਦਿੰਦੀਆਂ ਹਨ ਪਰ ਫਿਰ ਵੀ ਉਹਨਾਂ ਦੇ ਕੰਮਾਂ ਦਾ ਕੋਈ ਮੁੱਲ ਨਹੀਂ ਪੈਂਦਾ। ਪਿਤਰਕੀ ਸੱਤਾ ਕੇਵਲ ਬੁਰਜੂਆ ਵਰਗ ਲਈ ਹੈ, ਗ਼ਰੀਬ ਮਜ਼ਦੂਰ ਮਰਦ ਖ਼ੁਦ ਇਥੇ ਹਾਸ਼ੀਆਗਤ ਤੇ ਦੱਬੀ ਕੁਚਲੀ ਧਿਰ ਹੈ ਤੇ ਉਸ ਨਾਲ ਜੁੜੀਆਂ ਹਰ ਰਿਸ਼ਤੇ ਵਿਚਲੀਆਂ ਔਰਤਾਂ ਵੀ ਇਸ ਸ਼ੋਸ਼ਣ ਦਾ ਸ਼ਿਕਾਰ ਹਨ।

ਇਸ ਕਾਰਖ਼ਾਨੇ ਦੇ ਬਾਲਣ ਵਿਚ, ਮੇਰੀ ਮਾਂ ਦਾ ਜਿਸਮ ਬਲਦਾ ਏ।

ਤੇ ਜੋਬਨ ਮੇਰੀਆਂ ਭੈਣਾਂ ਦਾ, ਸੜਕਾਂ ਦੇ ਕਿਨਾਰੇ ਢਲਦਾ ਏ।

ਮੇਰੀ ਪਤਨੀ ਦੇ ਵਾਲਾਂ ਦਾ, ਬਿਜਲੀ ਨੇ ਤਾਣਾ ਤਾਣਿਆ ਏ।[9]

ਕਵੀ ਔਰਤ ਦੀ ਮੁਕਤੀ ਦਾ ਰਾਹ ਇਹ ਦੱਸਦਾ ਹੈ ਕਿ ਉਸਦੀ ਮਾਂ ਉਸ ਨੂੰ ਅਜਿਹੇ ਪ੍ਰਬੰਧ ਵਿਚ ਜਨਮ ਹੀ ਨਾ ਦੇਵੇ, ਕਿਉਂਕਿ ਸਰਮਾਏਦਾਰੀ ਅਤੇ ਪੂੰਜੀਵਾਦੀ ਯੁੱਗ ਵਿਚ ਔਰਤ ਦੀ ਸਥਿਤੀ ਬਹੁਤ ਤਰਸਯੋਗ ਹੈ। ਲੋਕਾਂ ਦਾ ਧੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦਾ ਕਾਰਨ ਇਹ ਹੈ ਕਿ ਇਸ ਪ੍ਰਬੰਧ ਵਿਚ ਉਹਨਾਂ ਦੀ ਪੱਤ ਮਿੱਟੀ ਵਿਚ ਨਾ ਰੁਲੇ ਜਾਂ ਉਨ੍ਹਾਂ ਨਾਲ ਧੱਕਾ ਨਾ ਹੋਵੇ। ਇਸ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਪੂੰਜੀਵਾਦ ਸਮਾਜ ਵਿਚ ਦਹੇਜ ਦੀ ਪ੍ਰਥਾ ਨੇ ਧੀਆਂ ਨੂੰ ਮਾਪਿਆਂ ਦੇ ਸਿਰ ਬੋਝ ਬਣਾਇਆ ਹੋਇਆ ਹੈ। ਧੀਆਂ ਦੇ ਪਿਤਾ ਦਾ ਸਿਰ ਨੀਵਾਂ ਹੁੰਦਾ ਹੈ ਪਰ, 'ਉਦਾਸੀ' ਨੇ ਆਪਣੀ ਰਚਨਾ ਵਿਚ ਔਰਤ ਦੀ ਸ਼ੋਸ਼ਣ ਤੋਂ ਮੁਕਤੀ ਲਈ ਹਥਿਆਰਬੰਦ ਸੰਘਰਸ਼ ਦੀ ਗੱਲ ਕੀਤੀ ਹੈ, ਜਿਸ ਨਾਲ ਸਾਰੀਆਂ ਰਸਮਾਂ ਖ਼ਤਮ ਹੋ ਜਾਣਗੀਆਂ। ਅਜਿਹੀ ਹਿੰਮਤ ਨਾਲ ਹੀ ਮਜ਼ਦੂਰ ਸ਼੍ਰੇਣੀ ਨਾਲ ਸੰਬੰਧਿਤ ਔਰਤ ਸਮਾਜ ਵਿਚ ਆਪਣੀ ਜਗ੍ਹਾ ਬਣਾ ਸਕੇਗੀ ਤੇ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਦੇ ਯੋਗ ਹੋ ਸਕੇਗੀ, ਉਸਨੂੰ ਕਿਸੇ ਦੀ ਮੁਹਤਾਜ(ਮੁਥਾਜ) ਨਹੀਂ ਹੋਣਾ ਪਵੇਗਾ। ਕਵੀ ਔਰਤ ਨੂੰ ਗ਼ੁਲਾਮੀ ਤੋਂ ਆਜ਼ਾਦੀ ਲਈ ਤਿਆਰ ਕਰ ਰਿਹਾ ਹੈ ਅਤੇ ਸਮਾਜ ਵਿਚਲੀਆਂ ਕਦਰਾਂ-ਕੀਮਤਾਂ ਨੂੰ ਚੁਣੌਤੀ ਦੇ ਰਿਹਾ ਹੈ, ਜਿਹੜੀਆਂ ਔਰਤ ਦੀ ਜ਼ਿੰਦਗੀ ਨੂੰ ਇੱਕ ਘੇਰੇ ਵਿਚ ਸੀਮਤ ਕਰਦੇ ਹਨ।

ਕਿਉਂ ਜੋ ਸਰਮਾਏਦਾਰੀ ਦੌਰ ਵਿਚ ਬੜਾ ਔਖਾ,

ਸਾਂਭਣਾ ਵੇ ਧੀਆਂ ਨੂੰ ਈਮਾਨ[10]

ਅਮੀਰੀ-ਗ਼ਰੀਬੀ ਦੋਵਾਂ ਸਥਿਤੀਆਂ ਵਿਚ ਪਿਤਾ-ਪੁਰਖੀ ਪ੍ਰਬੰਧ ਸਮਾਜ ਦੇ ਨਿਯਮਾਂ ਦਾ ਪਾਲਣਾ ਕਰਨਾ ਆਪਣਾ ਫਰਜ਼ ਸਮਝਦਾ ਹੈ ਪਰ ਅਮੀਰ ਇਸ ਪਾਲਣ ਨੂੰ ਸੁਖਾਵਾਂ ਹੀ ਸਮਝਦਾ ਹੈ ਜਦੋਂ ਕਿ ਇਸ ਪਾਲਣਾ ਪ੍ਰਤੀ ਗ਼ਰੀਬ ਫ਼ਿਕਰਮੰਦ ਹੈ। ਮਰਦ ਪ੍ਰਧਾਨ ਸਮਾਜ ਔਰਤ ਪਾਸੋਂ ਉਸਦੇ ਆਜ਼ਾਦ ਜੀਵਨ ਦਾ ਹੱਕ ਖੋਹ ਕੇ, ਘਰ ਦੀ ਚਾਰ ਦੀਵਾਰੀ ਅੰਦਰ ਕੈਦ ਕਰਕੇ ਆਪਣੀ ਸ਼ਕਤੀ ਤੇ ਸੱਤਾ ਨੂੰ ਮਜਬੂਤ ਕਰਦਾ ਹੈ। ਅਜਿਹੀ ਔਰਤ ਦੀ ਜੀਵਨ ਯਾਤਰਾ ਬਿਸਤਰੇ ਤੋਂ ਰਸੋਈ ਤਕ ਸੀਮਤ ਹੋਣ ਸਦਕਾ 'ਘਰ' ਦਾ ਅਰਥ ਵੀ ਉਸ ਲਈ ਘਰ ਨਹੀਂ ਰਹਿ ਜਾਂਦਾ, ਸਗੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਅਸਤਿੱਤਵ ਵਾਲਾ ਹੋ ਨਿਬੜਦਾ ਹੈ। ਇਹ ਘਰ ਵੀ ਇਕ ਤਰ੍ਹਾਂ ਨਾਲ ਪਤੀ ਦੀ ਰਿਆਸਤ ਹੁੰਦਾ ਹੈ। ਜਿਸ ਵਿਚ ਹਰ ਸ਼ੈਅ ਉਸਦੇ ਹੁਕਮ ਅਨੁਸਾਰ ਗਤੀ ਵਿਚ ਹੁੰਦੀ ਹੈ। ਔਰਤ ਦਾ ਅਸਤਿਤਵ ਇਸ ਛੋਟੀ ਰਿਆਸਤ ਵਿਚ ਇਕ ਵਸਤੂ ਹੁੰਦਾ ਹੈ ਅਤੇ ਉਸਦਾ ਜਿਸਮ ਮਰਦ ਲਈ ਐਸ਼ਗਾਹ ਬਣ ਜਾਂਦਾ ਹੈ। ਬਾਹਰਲੇ ਵਸਤੂ ਸੰਸਾਰ ਵਿਚ ਦੱਬਿਆ ਕੁਚਲਿਆ ਪੁਰਖ ਵੀ ਇਸ ਰਿਆਸਤ ਵਿਚ ਆਪਣੀ ਹੋਂਦ ਤੇ ਹਉਮੈ ਨੂੰ ਅੱਵਲ ਤੇ ਔਰਤ ਦੀ ਹੋਂਦ ਨੂੰ ਦੁਜੈਲੀ ਤੇ ਹਉਂਹੀਣ ਤਸੱਵੁਰ ਕਰਦਾ ਹੈ।

ਕਵੀ ਦੀਆਂ ਕਵਿਤਾਵਾਂ ਹੀ ਸਮਾਜਕ ਮੁੱਲਾਂ ਦੇ ਕੌੜੇ ਅਹਿਸਾਸ ਨੂੰ ਪ੍ਰਗਟ ਕਰਦੀਆਂ ਹਨ ਤੇ ਔਰਤ ਦੀ ਮਾਨਸਿਕਤਾ ਨੂੰ ਲਗਾਤਾਰ ਨੋਚ ਰਹੇ ਇਸ ਤਨਾਉਸ਼ੀਲ ਵਾਤਾਵਰਣ ਨੂੰ ਉਜਾਗਰ ਕਰਦੀਆਂ ਹਨ। ਸਮਾਜ ਦੇ ਅਸਾਵੇਂ ਮਾਹੌਲ ਵਿਚ ਔਰਤ ਦੀ ਇੱਜ਼ਤ ਦੀ ਕੋਈ ਪਰਵਾਹ ਨਹੀਂ ਕੀਤੀ ਜਾ ਰਹੀ, ਸਗੋਂ ਉਨ੍ਹਾਂ ਦਾ ਜੀਵਨ ਅਣਸੁਖਾਵਾਂ ਤੇ ਨਿਰਬਲ ਬਣਾ ਦਿੱਤਾ ਹੈ।

ਲੜਕੀ ਨਾਲ ਹੁੰਦੇ ਵਿਤਕਰੇ, ਸਮਾਜਕ ਅਨਿਆਂ, ਦਾਜ ਦੀ ਲਾਹਨਤ ਬੱਚੀ ਦੇ ਜੀਵਨ ਨੂੰ ਤਾਂ ਅਣਸੁਖਾਵਾਂ ਕਰਦੇ ਹੀ ਹਨ ਤੇ ਨਾਲ ਹੀ ਮਾਂ ਬਾਪ ਦੀ ਬੱਚੀ ਦੇ ਭਵਿੱਖ ਪ੍ਰਤਿ ਭੈਅਸ਼ੀਲ ਮਾਨਸਿਕਤਾ ਨੂੰ ਸਾਹਮਣੇ ਲਿਆਉਂਦੇ ਹੋਇਆਂ ਔਰਤ ਦੇ ਸੰਕਟਮਈ ਜੀਵਨ ਵਿਚਲੇ ਮਹੱਤਵਪੂਰਨ ਪਾਸਾਰ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਸਰਮਾਏਦਾਰੀ ਸਮਾਜਕ ਪ੍ਰਬੰਧ ਵਿਚ ਮਰਦ ਨੇ ਹਮੇਸ਼ਾ ਔਰਤ ਨੂੰ ਆਪਣੀ ਵਿਲਾਸਤਾ ਦਾ ਸ਼ਿਕਾਰ ਬਣਾ ਕੇ ਉਸਦਾ ਸ਼ੋਸ਼ਣ ਕੀਤਾ ਹੈ ਪਰ ਸੰਤ ਰਾਮ ਉਦਾਸੀ ਦੀ ਕਵਿਤਾ 'ਦਿਵਾਲੀ' ਵਿਚ ਔਰਤ ਆਪਣੇ ਚੌਗਿਰਦੇ ਵਿਚ ਪਸਰੇ ਖੋਖਲੇ ਅਤੇ ਅਰਥਹੀਣ ਰੀਤੀ ਰਿਵਾਜਾਂ ਤੋਂ ਵਾਕਿਫ਼ ਹੈ ਅਤੇ ਇਹਨਾਂ ਨੂੰ ਤੋੜਨ ਲਈ ਸੰਘਰਸ਼ ਵੀ ਕਰਦੀ ਦਿਖਾਈ ਗਈ ਹੈ। ਔਰਤ ਦੀ ਮਰਦ ਵਿਰੁੱਧ ਕਰੜੀ ਪ੍ਰਤੀਕਿਰਿਆ ਨੂੰ ਪੇਸ਼ ਕੀਤਾ ਗਿਆ ਹੈ। ਅਮੀਰੀ, ਗ਼ਰੀਬੀ ਦੇ ਪਾੜੇ ਵਿਚ ਗ਼ਰੀਬ ਔਰਤ ਅਤੇ ਮਰਦ ਦੀਆਂ ਮਧੋਲੀਆਂ ਜਾ ਰਹੀਆਂ ਸੱਧਰਾਂ 'ਤੇ ਸੰਤ ਰਾਮ ਉਦਾਸੀ ਨੇ ਟਿੱਪਣੀ ਕੀਤੀ ਹੈ।

ਰਾਠਾਂ ਦੀ ਨੂੰਹ ਰੋਜ਼ ਰੱਤਾ ਚੂੜਾ ਛਣਕਾ ਕੇ ਵੇ।

ਜਾਣ ਜਾਣ ਲੰਘੇ ਸਾਡੀ ਬੀਹੀ ਨੂੰ ਚਿੜਾ ਕੇ ਵੇ।[11]

-----------------------------------------------

ਜਿਸ ਧਰਤੀ 'ਤੇ ਬਾਪ ਮੇਰੇ ਨੇ, ਰਾਠਾਂ ਨੂੰ ਹੱਥ ਜੋੜੇ,

ਉਸ ਧਰਤੀ 'ਚੋਂ ਵੀਰ ਉਗਾਈਆਂ, ਲੱਖ ਮੂੰਹ ਜ਼ੋਰ ਕਲਾਈਆਂ।[12]

ਸੋ ਅੰਤ ਵਿਚ ਸੰਤ ਰਾਮ ਉਦਾਸੀ ਦੀਆਂ ਰਚਨਾਵਾਂ ਦੇ ਅਧਿਐਨ ਕਰਨ ਤੋਂ ਬਾਅਦ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਉਸਦੇ ਅੰਦਰ ਕ੍ਰਾਂਤੀਕਾਰੀ ਅੰਸ਼ ਮੌਜੂਦ ਹੈ। ਜੁਝਾਰਵਾਦੀ ਕਵੀ ਹੋਣ ਕਰਕੇ ਉਹ ਮਜ਼ਦੂਰ ਕਿਸਾਨ ਵਰਗ ਦੇ ਹੱਕ ਵਿਚ ਪ੍ਰਤੀਬੱਧ ਹੋ ਕੇ ਲਿਖਦਾ ਹੈ। ਉਸਦੀਆਂ ਰਚਨਾਵਾਂ ਵਿਚ ਮਜ਼ਦੂਰ ਤੇ ਔਰਤ ਵਿਚਲਾ ਫ਼ਰਕ ਮਿਟਿਆ ਹੋਇਆ ਨਜ਼ਰ ਆਉਂਦਾ ਹੈ, ਕਿਉਂਕਿ ਮਜ਼ਦੂਰ ਵਰਗ ਦੇ ਮਰਦ ਅਤੇ ਔਰਤ, ਗ਼ਰੀਬ ਹੋਣ ਕਰਕੇ ਅਮੀਰਾਂ ਦੇ ਹੱਥੋਂ ਸ਼ੋਸ਼ਿਤ ਹੋ ਰਹੇ ਹਨ, ਦੋਵੇਂ ਬਰਾਬਰ ਸ਼ੋਸ਼ਣ ਦੇ ਸ਼ਿਕਾਰ ਹਨ। ਮਜ਼ਦੂਰ ਪਿਉ ਆਪਣੀ ਧੀ ਦੇ ਹੱਕ ਵਿਚ ਆਪ ਹੀ ਆਵਾਜ਼ ਬੁਲੰਦ ਕਰਦਾ ਹੈ, ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਔਰਤ ਦੇ ਹੱਕ ਵਿਚ ਉਹ ਮਰਦ ਬੋਲਦਾ ਹੈ ਜੋ ਉਸਦੀ ਬਰਾਬਰ ਦੀ ਆਰਥਕ ਸਥਿਤੀ ਵਿਚ ਹੋਵੇ, ਜਿਹੜਾ ਮਰਦ ਉੱਚੀ ਸਥਿਤੀ ਵਿਚ ਬੈਠਾ ਹੈ ਉਸ ਲਈ ਆਪਣੀ ਧੀ, ਪਤਨੀ ਜਾਂ ਹੋਰਨਾਂ ਦੀਆਂ ਧੀਆਂ, ਪਤਨੀਆਂ ਵਸਤੂ ਤੋਂ ਵੱਧ ਕੁਝ ਨਹੀਂ ਹਨ, ਸੋ ਅਰਥਚਾਰਾ ਔਰਤ ਦੀ ਵਸਤੂਗਤ ਸਥਿਤੀ ਨੂੰ ਤੈਅ ਕਰਦਾ ਹੈ। ਪੈਸੇ ਵਾਲਾ ਮਨੁੱਖ ਦੂਜਿਆਂ ਨੂੰ ਵਸਤੂਆਂ ਵਾਂਗ ਖ਼ਰੀਦ ਸਕਦਾ ਹੈ ਜਾਂ ਲੁੱਟ ਸਕਦਾ ਹੈ। ਗ਼ਰੀਬ ਮਨੁੱਖ ਜਿਹੜਾ ਆਰਥਕਤਾ ਨਾਲ ਜੂਝ ਰਿਹਾ ਹੈ ਅਤੇ ਆਪਣੀ ਆਰਥਕ ਸਥਿਤੀ ਸੁਧਾਰਨ ਲਈ ਜਾਂ ਜ਼ਰੂਰਤ ਅਨੁਸਾਰ ਰੋਟੀ ਦਾ ਪ੍ਰਬੰਧ ਕਰਨ ਦੇ ਜੁਗਾੜ 'ਚ ਪਿਆ ਹੋਇਆ ਹੈ, ਜਿਸਦੀ ਪੈਸੇ ਦੀ ਸਮੱਸਿਆ ਹੀ ਹੱਲ ਨਹੀਂ ਹੋਈ, ਉਹ ਕੁਝ ਹੋਰ ਸੋਚਣ ਦੇ ਅਸਮਰਥ ਦਿਖਾਇਆ ਗਿਆ ਹੈ। ਦੂਜੇ ਪਾਸੇ ਉਹ ਪਿਤਰਕੀ ਪ੍ਰਬੰਧ ਦੇ ਬਣੇ ਹੋਏ ਨਿਯਮ ਸੰਬੰਧੀ ਵੀ ਬਹੁਤ ਫ਼ਿਕਰਮੰਦ ਹੈ। ਇਕ ਉਸਨੂੰ ਪਰਿਵਾਰ ਪਾਲਣ ਦਾ ਫ਼ਿਕਰ ਹੈ ਤੇ ਦੂਜਾ ਪਿਤਰਕੀ ਸੋਚ ਨੇ ਇੱਜ਼ਤ ਦਾ ਬੋਝ ਜੋ ਔਰਤ ਦੇ ਸਿਰ 'ਤੇ ਚੁਕਾਇਆ ਹੋਇਆ ਉਸਦੀ ਬਰਾਬਰ-ਬਰਾਬਰ ਚਿੰਤਾ ਹੈ। ਇਸ ਤਰ੍ਹਾਂ ਮਜ਼ਦੂਰ ਦੋ ਤਰ੍ਹਾਂ ਦੇ ਫ਼ਿਕਰਾਂ ਵਿਚ ਗ੍ਰੱਸਿਆ ਹੋਇਆ ਦਿਖਾਇਆ ਹੈ। ਸੰਤ ਰਾਮ ਉਦਾਸੀ ਨਿਮਨ ਵਰਗ ਦੇ ਲੋਕਾਂ ਵਿਚ ਵਿਚਰ ਰਿਹਾ ਹੈ ਅਤੇ ਉਹਨਾਂ ਦੀਆਂ ਸਮੱਸਿਆਵਾਂ ਨਾਲ ਗਹਿਰਾ ਜੁੜਿਆ ਹੋਇਆ ਹੈ। ਉਹ ਔਰਤ ਪ੍ਰਤੀ ਭੋਗੀ ਦ੍ਰਿਸ਼ਟੀ ਜਾ ਵਸਤੂਗਤ ਸਥਿਤੀ ਨੂੰ ਨਹੀਂ ਚਿੱਤਵਦਾ। ਉਸਨੂੰ ਆਪਣੇ ਘਰ ਦੀਆਂ ਔਰਤਾਂ ਦੀ ਇੱਜ਼ਤ ਤੇ ਉਹਨਾਂ ਦੀ

ਸੁਰੱਖਿਆ ਦਾ ਫ਼ਿਕਰ ਹੈ ਕਿ ਕਿਸ ਤਰ੍ਹਾਂ ਭੈਣ, ਧੀ ਨੂੰ ਸੁਰੱਖਿਅਤ ਉਸਦੇ ਪਤੀ ਦੇ ਘਰ ਪਹੁੰਚਾਇਆ ਜਾਵੇ। ਇਸ ਤਰ੍ਹਾਂ ਔਰਤ ਹਥਿਆਰਬੱਧ ਹੋ ਕੇ ਆਪਣੇ ਨਾਲ ਹੋਏ ਜ਼ੁਲਮ ਵਿਰੁੱਧ ਆਵਾਜ਼ ਉਠਾ ਸਕਦੀ ਹੈ ਅਤੇ ਆਜ਼ਾਦੀ ਨਾਲ ਜੀਵਣ ਜੀਅ ਸਕਦੀ ਹੈ। ਸੰਤ ਰਾਮ ਉਦਾਸੀ ਨੂੰ ਨਾਰੀਵਾਦੀ ਕਵੀ ਕਿਹਾ ਜਾ ਸਕਦਾ ਹੈ। ਕਿਉਂਕਿ ਉਸਦੀ ਵਿਚਾਰਧਾਰਾ ਮਾਰਕਸਵਾਦੀ ਹੈ ਇਸ ਕਰਕੇ ਉਹ ਮਜ਼ਲੂਮ ਮਜ਼ਦੂਰਾਂ ਅਤੇ ਹਾਸ਼ੀਏ ਉਤੇ ਧੱਕੀਆਂ ਧਿਰਾਂ ਦੇ ਨਾਲ ਖੜਦਾ ਹੈ।

## ਹਵਾਲੇ ਤੇ ਟਿੱਪਣੀਆਂ


1) ਰਾਜਿੰਦਰ ਸਿੰਘ ਰਾਹੀ, (ਸੰਪਾ.), **ਸੰਤ ਰਾਮ ਉਦਾਸੀ ਜੀਵਨ ਤੇ ਸਮੁੱਚੀ ਰਚਨਾ**, ਪੰਨਾ 300

2) ਦਰਸ਼ਨ ਸਿੰਘ ਮੱਕੜ, (ਮਘਦਾ ਰਹੁ ਵੇ ਸੂਰਜਾ ਕੰਮੀਆਂ ਦੇ ਵੇਹੜੇ), ਉਹੀ, ਪੰਨਾ 402

3) ਰਾਜਿੰਦਰ ਸਿੰਘ ਰਾਹੀ, (ਸੰਪਾ.), **ਸੰਤ ਰਾਮ ਉਦਾਸੀ ਜੀਵਨ ਤੇ ਸਮੁੱਚੀ ਰਚਨਾ**, ਮਜ਼ਦੂਰ ਦੀ ਦੇਸ਼-ਸੇਵਾ, ਪੰਨਾ 185

4) ________, ਹਾੜੀਆਂ ਦੇ ਹਾਣੀਓਂ, ਪੰਨਾ 168

5) ________, ਗੀਤ, ਪੰਨਾ 169, 170

6) ________, ਬੁਰਜੂਆ ਤਾਣੇ ਬਾਣੇ, ਪੰਨਾ 165

7) ________, ਵੰਗਾਂ, ਪੰਨਾ 171

8) ________, ਮਜ਼ਦੂਰ ਕੁੜੀ ਦੀ ਪਹਿਲੀ ਰਾਤ, ਪੰਨਾ 176

9) ________, ਮਜ਼ਦੂਰ ਦੀ ਦੇਸ਼ ਸੇਵਾ, ਪੰਨਾ 186

10) ________, ਡੋਲੀ, ਪੰਨਾ 221

11) ________, ਚੂੜੀਆਂ ਦਾ ਹੋਕਾ, ਪੰਨਾ 234

12) ________, ਮਜ਼ਦੂਰ ਕੁੜੀ ਦੀ ਪਹਿਲੀ ਰਾਤ, ਪੰਨਾ 176